# ਕੀਟਨਾਸ਼ਕ ਸੁਰੱਖਿਆ

ਜਾਣਕਾਰੀ

ਕੈਲੀਫ਼ੋਰਨੀਆ ਦੇ ਵਾਤਾਵਰਣ ਦੀ ਸੁਰੱਖਿਆ ਬਾਰੇ ਏਜੰਸੀ

A No. 3

# ਖੇਤੀਬਾੜੀ ਵਾਲੀਆਂ ਥਾਂਵਾਂ ਵਿੱਚ ਬੰਦ ਮਿਸ਼ਰਣ ਪ੍ਰਣਾਲੀਆਂ, ਪਾਣੀ ਵਿੱਚ ਘੁਲਣਸ਼ੀਲ ਪੈਕੇਜਿੰਗ, ਅਤੇ ਬੰਦ ਗੱਡੀਆਂ

**ਕੁਝ ਕੀਟਨਾਸ਼ਕਾਂ ਲਈ, ਤੁਹਾਨੂੰ ਸੁਰੱਖਿਅਤ ਰੱਖਣ ਵਿੱਚ ਮਦਦ ਲਈ ਵਾਧੂ ਸੁਰੱਖਿਆ ਨਿਯਮ, ਖ਼ਾਸ ਉਪਕਰਨ, ਅਤੇ ਪੈਕੇਜ ਹੁੰਦੇ ਹਨ।** ਇਸ ਤੋਂ ਪਹਿਲਾਂ ਕਿ ਤੁਸੀਂ ਇਸ ਤਰ੍ਹਾਂ ਦੇ ਕੀਟਨਾਸ਼ਕਾਂ ਦਾ ਇਸਤੇਮਾਲ ਕਰੋ, ਤੁਹਾਡੇ ਮਾਲਕ ਲਈ ਇਹ ਯਕੀਨੀ ਬਣਾਉਣਾ ਜ਼ਰੂਰੀ ਹੈ ਕਿ ਤੁਹਾਨੂੰ ਇਹਨਾਂ ਨਿਯਮਾਂ ਬਾਰੇ ਪਤਾ ਹੈ। ਕੀਟਨਾਸ਼ਕਾਂ ਨੂੰ ਰਲਾਉਣ, ਲੱਦਣ, ਅਤੇ ਇਸਤੇਮਾਲ ਕਰਨ ਸਮੇਂ ਖੁਦ ਨੂੰ ਸੁਰੱਖਿਅਤ ਰੱਖਣ ਦੇ ਕਈ ਤਰੀਕੇ ਹਨ। ਤੁਹਾਡੇ ਲਈ ਲੇਬਲ 'ਤੇ ਲਿਖੀਆਂ ਹਿਦਾਇਤਾਂ ਦੀ ਪਾਲਣਾ ਕਰਨੀ, ਸਹੀ ਕੱਪੜੇ ਅਤੇ ਨਿੱਜੀ ਸੁਰੱਖਿਆ ਉਪਕਰਨ ਪਹਿਨਣਾ (PPE), ਅਤੇ ਸਹੀ ਉਪਕਰਣ ਦੀ ਵਰਤੋਂ ਕਰਨੀ ਜ਼ਰੂਰੀ ਹੈ।

ਸੁਰੱਖਿਆ ਸਬੰਧੀ ਸੁਝਾਅ

3

**ਬੰਦ ਮਿਸ਼ਰਣ ਪ੍ਰਣਾਲੀ ਦੀ ਵਰਤੋਂ ਕਰਦੇ ਸਮੇਂ ਤੁਹਾਡੇ ਲਈ ਹਮੇਸ਼ਾ** ਅੱਖਾਂ ਦੀ ਸੁਰੱਖਿਆ ਵਾਲੀਆਂ ਚੀਜ਼ਾਂ ਪਹਿਨਣਾ ਜ਼ਰੂਰੀ ਹੈ।

## ਖਤਰਨਾਕ ਕੀਟਨਾਸ਼ਕਾਂ ਨਾਲ ਕੰਮ ਕਰਦੇ ਸਮੇਂ ਵਰਤਣ ਲਈ ਵਾਧੂ ਸੁਰੱਖਿਆ ਦੇ ਤਿੰਨ ਖ਼ਾਸ ਪ੍ਰਕਾਰ ਇਹ ਹਨ

### 1. ਬੰਦ ਮਿਸ਼ਰਣ ਪ੍ਰਣਾਲੀਆਂ

"ਬੰਦ ਮਿਸ਼ਰਣ ਪ੍ਰਣਾਲੀ" ਅਜਿਹਾ ਉਪਕਰਨ ਹੈ, ਜੋ ਉਨ੍ਹਾਂ ਖਤਰਨਾਕ ਕੀਟਨਾਸ਼ਕਾਂ ਤੋਂ ਤੁਹਾਡੀ ਸੁਰੱਖਿਆ ਕਰਦਾ ਹੈ, ਜੋ ਤੁਹਾਡੇ ਚਮੜੀ 'ਤੇ ਪੈ ਸਕਦੇ ਹਨ। ਕੀਟਨਾਸ਼ਕ ਲੇਬਲ ਤੁਹਾਨੂੰ ਦੱਸੇਗਾ ਕਿ ਤੁਹਾਡੀ ਚਮੜੀ 'ਤੇ ਪੈਣ 'ਤੇ ਕੀਟਨਾਸ਼ਕ ਖਤਰਨਾਕ ਹੈ ਜਾਂ ਨਹੀਂ। ਬੰਦ ਮਿਸ਼ਰਣ ਪ੍ਰਣਾਲੀਆਂ ਤੁਹਾਡੇ ਲਈ ਆਪਣੇ ਕੰਟੇਨਰ ਵਿੱਚੋਂ ਕੀਟਨਾਸ਼ਕ ਲੈਂਦੀਆਂ ਹਨ ਅਤੇ ਤੁਹਾਨੂੰ ਉਸਨੂੰ ਛੂਹਣ ਤੋਂ ਬਚਾਉਂਦੀਆਂ ਹਨ। ਉਹ ਤੁਹਾਡੇ ਲਈ ਕੰਟੇਨਰ ਵਿੱਚੋਂ ਕੀਟਨਾਸ਼ਕ ਨੂੰ ਅਤੇ ਇਸਤੇਮਾਲ ਟੈਂਕ ਵਿੱਚ ਕਿਸੇ ਵੀ ਨਲੀਆਂ ਨੂੰ ਧੋ ਵੀ ਸਕਦੀਆਂ ਹਨ। ਇਸ ਤੋਂ ਪਹਿਲਾਂ ਕਿ ਤੁਸੀਂ ਬੰਦ ਮਿਸ਼ਰਣ ਪ੍ਰਣਾਲੀ ਦਾ ਇਸਤੇਮਾਲ ਕਰੋ, ਤੁਹਾਡੇ ਲਈ ਸਿੱਖਿਅਤ ਹੋਣਾ ਜ਼ਰੂਰੀ ਹੈ ਕਿ ਇਸਦਾ ਇਸਤੇਮਾਲ ਕਿਵੇਂ ਕਰਨਾ ਹੈ ਅਤੇ ਕਿਹੜੇ ਸੁਰੱਖਿਆ ਨਿਯਮਾਂ ਦੀ ਪਾਲਣਾ ਕਰਨੀ ਹੈ।

ਦੋ ਪ੍ਰਕਾਰ ਦੀਆਂ ਬੰਦ ਮਿਸ਼ਰਣ ਪ੍ਰਣਾਲੀਆਂ ਹੁੰਦੀਆਂ ਹਨ:

- **ਟਿਅਰ 1** ਬੰਦ ਮਿਸ਼ਰਣ ਪ੍ਰਣਾਲੀ, ਜੋ ਕੰਟੇਨਰ ਵਿੱਚੋਂ ਕੀਟਨਾਸ਼ਕ ਕੱਢਦੀ ਹੈ ਅਤੇ ਬੰਦ ਪ੍ਰਣਾਲੀ ਨਾਲ ਜੁੜੇ ਹੋਣ ਦੇ ਦੌਰਾਨ ਹੀ ਖਾਲੀ ਕੰਟੇਨਰ ਧੋਂਦੀ ਅਤੇ ਸੁਕਾਉਂਦੀ ਹੈ।
- **ਟਿਅਰ 2** ਬੰਦ ਮਿਸ਼ਰਣ ਪ੍ਰਣਾਲੀ, ਜੋ ਕੰਟੇਨਰ ਵਿੱਚੋਂ ਕੀਟਨਾਸ਼ਕ ਕੱਢਦੀ ਹੈ ਪਰ ਕੰਟੇਨਰ ਨੂੰ ਧੋਂਦੀ ਨਹੀਂ ਹੈ।




## ਮੈਨੂੰ ਬੰਦ ਮਿਸ਼ਰਣ ਪ੍ਰਣਾਲੀ ਦਾ ਇਸਤੇਮਾਲ ਕਦੋਂ ਕਰਨਾ ਹੈ ਅਤੇ ਮੈਨੂੰ ਕਿਹੜੇ ਪ੍ਰਕਾਰ ਦਾ ਇਸਤੇਮਾਲ ਕਰਨਾ ਚਾਹੀਦਾ ਹੈ?

**ਤੁਹਾਡੇ ਲਈ ਟਿਅਰ 1 ਬੰਦ ਮਿਸ਼ਰਣ ਪ੍ਰਣਾਲੀ** ਦਾ ਇਸਤੇਮਾਲ ਕਰਨਾ ਜ਼ਰੂਰੀ ਹੈ, ਜੇ ਤੁਸੀਂ "ਘਾਤਕ, ਜੇ ਚਮੜੀ ਦੇ ਅੰਦਰ ਚਲਾ ਜਾਵੇ" ਜਾਂ ਅਜਿਹਾ ਕੁਝ ਲਿਖੇ ਹੋਏ ਲੇਬਲ ਵਾਲਾ ਤਰਲ ਕੀਟਨਾਸ਼ਕ ਰਲਾਉਂਦੇ ਹੋ।

**ਤੁਹਾਡੇ ਲਈ ਟਿਅਰ 2 ਬੰਦ ਮਿਸ਼ਰਣ ਪ੍ਰਣਾਲੀ** ਦਾ ਇਸਤੇਮਾਲ ਕਰਨਾ ਜ਼ਰੂਰੀ ਹੈ, ਜੇ ਤੁਸੀਂ "ਘਾਤਕ ਹੋ ਸਕਦਾ ਹੈ, ਜੇ ਚਮੜੀ ਦੇ ਅੰਦਰ ਚਲਾ ਜਾਵੇ" ਜਾਂ "ਖਾਰੂ, ਚਮੜੀ ਨੂੰ ਨੁਕਸਾਨ ਪਹੁੰਚਾ ਸਕਦਾ ਹੈ" ਲਿਖੇ ਹੋਏ ਲੇਬਲ ਵਾਲਾ ਤਰਲ ਕੀਟਨਾਸ਼ਕ ਰਲਾਉਂਦੇ ਹੋ।

ਜੇ ਤੁਸੀਂ ਇੱਕੋ ਹੀ ਦਿਨ ਵਿੱਚ ਟਿਅਰ 2 ਬੰਦ ਮਿਸ਼ਰਣ ਪ੍ਰਣਾਲੀ ਦੇ ਇਸਤੇਮਾਲ ਦੀ ਲੋੜ ਵਾਲੇ ਕਿਸੇ ਕੀਟਨਾਸ਼ਕ ਦਾ ਇੱਕ ਗੈਲਨ ਜਾਂ ਘੱਟ ਰਲਾ ਜਾਂ ਲੱਦ ਰਹੇ ਹੋ, ਤਾਂ ਤੁਹਾਨੂੰ ਬੰਦ ਮਿਸ਼ਰਣ ਪ੍ਰਣਾਲੀ ਦਾ ਇਸਤੇਮਾਲ ਨਹੀਂ ਕਰਨਾ ਪਵੇਗਾ, ਪਰ ਲੇਬਲ ਜਾਂ ਹੋਰਾਂ ਨਿਯਮਾਂ ਦੇ ਅਨੁਸਾਰ ਲੋੜੀਂਦੇ ਸਾਰੇ PPE ਪਹਿਨਣੇ ਪੈਣਗੇ।

ਜੇ ਤੁਸੀਂ ਘੱਟ ਤੋਂ ਘੱਟ ਪ੍ਰਭਾਵ ਵਾਲਾ ਕੀਟਨਾਸ਼ਕ ਰਲਾਉਂਦੇ ਜਾਂ ਲੱਦਦੇ ਹੋ, ਤਾਂ ਤੁਸੀਂ ਖੁਦ ਨੂੰ ਸੁਰੱਖਿਅਤ ਕਰਨ ਲਈ ਬੰਦ ਪ੍ਰਣਾਲੀ ਦਾ ਇਸਤੇਮਾਲ ਕਰ ਸਕਦੇ ਹੋ ਅਤੇ ਖ਼ਾਸ PPE ਪਹਿਨਣ ਦੀ ਲੋੜ ਨਹੀਂ। ਘੱਟ ਤੋਂ ਘੱਟ ਪ੍ਰਭਾਵ ਵਾਲਾ ਕੀਟਨਾਸ਼ਕ ਬਾਰੇ ਹੋਰ ਜਾਣਕਾਰੀ ਲਈ ਆਪਣੇ ਮਾਲਕ ਨੂੰ A-6 ਸੁਰੱਖਿਆ ਲੀਫ਼ਲੈਟ (ਪਰਚੇ) ਲਈ ਕਹੋ।



## ਬੰਦ ਮਿਸ਼ਰਣ ਪ੍ਰਣਾਲੀ ਦੀ ਦੇਖਭਾਲ ਕੌਣ ਕਰਦਾ ਹੈ?

ਤੁਹਾਡੇ ਮਾਲਕ ਲਈ ਇਹ ਯਕੀਨੀ ਬਣਾਉਣ ਜ਼ਰੂਰੀ ਹੈ ਕਿ ਬੰਦ ਮਿਸ਼ਰਣ ਪ੍ਰਣਾਲੀ ਸਹੀ ਢੰਗ ਨਾਲ ਕੰਮ ਕਰ ਰਹੀ ਹੈ ਅਤੇ ਨਿਯਮਿਤ ਰੂਪ ਨਾਲ ਸਾਫ਼ ਕੀਤੀ ਜਾਂਦੀ ਹੈ। ਜੇ ਇਹ ਸਹੀ ਢੰਗ ਨਾਲ ਕੰਮ ਨਹੀਂ ਕਰ ਰਹੀ ਹੈ ਤਾਂ ਇਹ ਤੁਹਾਨੂੰ ਸੁਰੱਖਿਅਤ ਨਹੀਂ ਰੱਖੇਗੀ। ਕੀਟਨਾਸ਼ਕ ਨਾਲ ਕੰਮ ਕਰਨ ਤੋਂ ਪਹਿਲਾਂ ਤੁਹਾਨੂੰ ਇਸਦੇ ਠੀਕ ਹੋਣ ਤੱਕ ਉਡੀਕ ਕਰਨ ਦਾ ਹੱਕ ਹੈ।

## 2. ਪਾਣੀ ਵਿੱਚ ਘੁਲਣਸ਼ੀਲ ਪੈਕੇਜਿੰਗ

ਕੁਝ ਕੀਟਨਾਸ਼ਕਾਂ ਲਈ, ਕੀਟਨਾਸ਼ਕ ਦਾ ਨਿਰਮਾਤਾ ਵੀ ਨੁਕਸਾਨ ਤੋਂ ਤੁਹਾਡੀ ਸੁਰੱਖਿਆ ਲਈ ਕਦਮ ਚੁੱਕਦਾ ਹੈ। "ਪਾਣੀ ਵਿੱਚ ਘੁਲਣਸ਼ੀਲ ਪੈਕੇਜਿੰਗ" ਇੱਕ ਖ਼ਾਸ ਕੀਟਨਾਸ਼ਕ ਕੰਟੇਨਰ ਜਾਂ ਪੈਕੇਜ ਹੈ। ਜਦੋਂ ਪੈਕੇਜ ਨੂੰ ਪਾਣੀ ਵਿੱਚ ਪਾਇਆ ਜਾਂਦਾ ਹੈ ਤਾਂ ਪੈਕੇਜ ਅਤੇ ਕੀਟਨਾਸ਼ਕ ਦੋਵੇਂ ਹੀ ਘੁਲ ਜਾਂਦੇ ਹਨ। ਪਾਣੀ ਵਿੱਚ ਘੁਲਣਸ਼ੀਲ ਪੈਕੇਜਿੰਗ ਵਿੱਚ ਕੀਟਨਾਸ਼ਕਾਂ ਦਾ ਇਸਤੇਮਾਲ ਕਰਨ ਨਾਲ ਇਹ ਤੁਹਾਡੀ ਉਵੇਂ ਹੀ ਸੁਰੱਖਿਆ ਕਰਦੇ ਹਨ, ਜਿਵੇਂ ਕਿ ਬੰਦ ਮਿਸ਼ਰਣ ਪ੍ਰਣਾਲੀ ਕਰਦੀ ਹੈ। **ਕਦੇ ਵੀ** ਪਾਣੀ ਵਿੱਚ ਘੁਲਣਸ਼ੀਲ ਪੈਕੇਜ ਨੂੰ ਨਾ ਕੱਟੋ, ਭਾਵੇਂ ਤੁਸੀਂ ਇਸਦਾ ਸਿਰਫ਼ ਕੁਝ ਹਿੱਸਾ ਹੀ ਇਸਤੇਮਾਲ ਕਰਨਾ ਚਾਹੁੰਦੇ ਹੋ। ਇਸ ਨਾਲ ਕੀਟਨਾਸ਼ਕ ਤੁਹਾਡੇ ਉੱਤੇ ਪੈਣ ਅਤੇ ਤੁਹਾਨੂੰ ਬੀਮਾਰ ਕਰਨ ਜਾਂ ਨੁਕਸਾਨ ਪਹੁੰਚਾਉਣ ਦਾ ਬਹੁਤ ਵੱਡਾ ਖਤਰਾ ਪੈਦਾ ਹੁੰਦਾ ਹੈ।

## 3. ਬੰਦ ਗੱਡੀਆਂ

"ਬੰਦ ਗੱਡੀ" ਅਜਿਹੀ ਥਾਂ ਹੈ, ਜਿੱਥੇ ਤੁਸੀਂ ਉਸ ਸਮੇਂ ਬੈਠ ਸਕਦੇ ਹੋ ਅਤੇ ਸੁਰੱਖਿਅਤ ਰਹਿ ਸਕਦੇ ਹੋ, ਜਦੋਂ ਤੁਹਾਡੇ ਆਲੇ-ਦੁਆਲੇ ਕੀਟਨਾਸ਼ਕਾਂ ਦਾ ਇਸਤੇਮਾਲ ਕੀਤਾ ਜਾ ਰਿਹਾ ਹੋਵੇ। ਬੰਦ ਗੱਡੀਆਂ ਹਵਾਈ ਜਹਾਜ਼ ਦੀ ਪਾਇਲਟ ਦੇ ਬੈਠਣ ਵਾਲੀ ਥਾਂ (ਕੌਕਪਿਟ), ਜਾਂ ਬੰਦ ਕੀਤੀਆਂ ਜਾ ਸਕਣ ਵਾਲੀਆਂ ਖਿੜਕੀਆਂ ਅਤੇ ਦਰਵਾਜਿਆਂ ਵਾਲਾ ਕੋਈ ਟ੍ਰੈਕਟਰ ਜਾਂ ਹੋਰ ਵਾਹਨ ਹੋ ਸਕਦਾ ਹੈ। ਬੰਦ ਗੱਡੀਆਂ ਨੂੰ ਕਿਸੇ ਵੀ ਉਸ ਬਾਹਰਲੀ ਚੀਜ਼ ਨੂੰ ਛੂਹਣ ਤੋਂ ਬਚਾਉਣਾ ਜ਼ਰੂਰੀ ਹੈ, ਜਿਸ ਉੱਤੇ ਕੀਟਨਾਸ਼ਕ ਲੱਗਿਆ ਹੋਵੇ। ਲੇਬਲ 'ਤੇ ਲਿਖਿਆ ਹੋ ਸਕਦਾ ਹੈ ਕਿ ਤੁਸੀਂ ਇਸਤੇਮਾਲ ਦੇ ਦੌਰਾਨ ਕਿਸੇ ਬੰਦ ਗੱਡੀ ਦਾ ਇਸਤੇਮਾਲ ਕਰੋ। ਤੁਹਾਡਾ ਮਾਲਕ ਵੀ ਵਾਧੂ ਸੁਰੱਖਿਆ ਲਈ ਬੰਦ ਗੱਡੀ ਮੁਹੱਈਆ ਕਰ ਸਕਦਾ ਹੈ।



ਭਾਵੇਂ ਤੁਹਾਨੂੰ ਲੇਬਲ ਦੀਆਂ ਸ਼ਰਤਾਂ ਜਾਂ ਕੈਲੀਫ਼ੋਰਨੀਆ ਦੇ ਨਿਯਮਾਂ ਦੇ ਅਨੁਸਾਰ ਸਾਰੇ PPE ਨਾ ਪਹਿਨਣੇ ਪੈਣ, ਫਿਰ ਵੀ ਇਹ ਤੁਹਾਡੇ ਕੋਲ ਹੋਣੇ ਅਤੇ ਇੱਕ ਸੀਲਬੰਦ ਕੰਟੇਨਰ ਵਿੱਚ ਸਾਂਭੇ ਹੋਣੇ ਜ਼ਰੂਰੀ ਹਨ। ਜਦੋਂ ਤੁਸੀਂ ਇਸਤੇਮਾਲ ਵਾਲੇ ਖੇਤਰ ਵਿੱਚ ਹੋਵੋ ਤਾਂ ਕੈਬ ਵਿੱਚੋਂ ਨਿੱਕਲਦੇ ਸਮੇਂ ਤੁਹਾਡੇ ਲਈ PPE ਪਹਿਨਣਾ ਜ਼ਰੂਰੀ ਹੈ। ਜਦੋਂ ਤੁਸੀਂ ਇਸਤੇਮਾਲ ਵਾਲੇ ਖੇਤਰ ਵਿੱਚ PPE ਪਹਿਨੋ, ਤਾਂ ਕੈਬ ਵਿੱਚ ਮੁੜ ਦਾਖ਼ਲ ਹੋਣ ਤੋਂ ਪਹਿਲਾਂ ਤੁਹਾਡੇ ਲਈ ਇਹਨਾਂ ਨੂੰ ਉਤਾਰਨਾ ਜ਼ਰੂਰੀ ਹੈ।

# ਜੇ ਮੈਂ ਵਾਧੂ ਸੁਰੱਖਿਆ ਉਪਕਰਨ ਵਰਤਾਂ, ਤਾਂ ਕੀ ਤਦ ਵੀ ਮੈਨੂੰ ਨਿੱਜੀ ਸੁਰੱਖਿਆ ਉਪਕਰਨ (PPE) ਪਹਿਨਣ ਦੀ ਲੋੜ ਹੈ?

ਬੰਦ ਪ੍ਰਣਾਲੀ ਦਾ ਇਸਤੇਮਾਲ ਕਰਦੇ ਸਮੇਂ ਤੁਹਾਡੇ ਲਈ ਹਮੇਸ਼ਾ ਅੱਖਾਂ ਦੀਆਂ ਸੁਰੱਖਿਆ ਵਾਲੀ ਚੀਜ਼ਾਂ ਪਹਿਨਣਾ ਜ਼ਰੂਰੀ ਹੈ, ਜਿਨ੍ਹਾਂ ਵਿੱਚ ਪਾਣੀ ਵਿੱਚ ਘੁਲਣਸ਼ੀਲ ਪੈਕੇਜਿੰਗ ਵਿੱਚ ਕੀਟਨਾਸ਼ਕ ਸ਼ਾਮਲ ਹਨ। ਪਰ ਕਦੇ-ਕਦਾਈਂ ਤੁਸੀਂ ਵੱਖਰੇ PPE ਪਹਿਨ ਸਕਦੇ ਹੋ। ਕੀਟਨਾਸ਼ਕ ਦੇ ਲੇਬਲ 'ਤੇ ਅਤੇ ਕੈਲੀਫ਼ੋਰਨੀਆ ਦੇ ਨਿਯਮਾਂ ਵਿੱਚ ਸੂਚੀਬੱਧ ਹੈ ਕਿ ਕੁਝ ਕੀਟਨਾਸ਼ਕਾਂ ਲਈ ਤੁਹਾਨੂੰ ਕਿਹੜੇ PPE ਦੀ ਲੋੜ ਹੈ। ਹੇਠਾਂ ਦਿੱਤੇ ਚਾਰਟ ਵਿੱਚ ਉਹ PPE ਸੂਚੀਬੱਧ ਹਨ, ਜੋ ਤੁਸੀਂ ਵਾਧੂ ਸੁਰੱਖਿਆ ਉਪਕਰਨ ਦਾ ਇਸਤੇਮਾਲ ਕਰਦੇ ਸਮੇਂ ਪਹਿਨ ਸਕਦੇ ਹੋ। ਜਦੋਂ ਤੁਸੀਂ ਵਾਧੂ ਸੁਰੱਖਿਆ ਉਪਕਰਨ ਦਾ ਇਸਤੇਮਾਲ ਕਰਦੇ ਸਮੇਂ, ਭਾਵੇਂ ਤੁਹਾਨੂੰ ਲੇਬਲ 'ਤੇ ਲਿਖੇ ਅਨੁਸਾਰ ਸਾਰੇ PPE ਨਾ ਪਹਿਨਣੇ ਪੈਣ, ਫਿਰ ਵੀ ਕਿਸੇ ਐਮਰਜੈਂਸੀ ਦੀ ਸਥਿਤੀ ਲਈ ਸਾਰੇ PPE ਉਸ ਥਾਂ 'ਤੇ ਹੋਣੇ ਜ਼ਰੂਰੀ ਹਨ, ਜਿੱਥੇ ਤੁਸੀਂ ਕੀਟਨਾਸ਼ਕ ਰਲਾਉਂਦੇ ਜਾਂ ਲੱਦਦੇ ਹੋ।



## ਉਹ PPE, ਜੋ ਤੁਸੀਂ ਵਾਧੂ ਸੁਰੱਖਿਆ ਉਪਕਰਨ ਦਾ ਇਸਤੇਮਾਲ ਕਰਦੇ ਸਮੇਂ ਵਰਤ ਸਕਦੇ ਹੋ

| ਇਸਦੀ ਬਜਾਏ | ਜੇ ਤੁਸੀਂ | ਤਾਂ ਤੁਸੀਂ [1] |
|---|---|---|
| ਲੇਬਲ ਜਾਂ ਕੈਲੀਫ਼ੋਰਨੀਆ ਦੇ ਨਿਯਮਾਂ ਦੇ ਅਨੁਸਾਰ ਲੋੜੀਂਦਾ PPE | ਬੰਦ ਮਿਸ਼ਰਣ ਪ੍ਰਣਾਲੀ ਜਾਂ "ਖ਼ਤਰਾ" ਜਾਂ "ਚੇਤਾਵਨੀ" ਸੰਕੇਤ ਸ਼ਬਦ ਵਾਲੇ ਕੀਟਨਾਸ਼ਕਾਂ ਲਈ ਪਾਣੀ ਵਿੱਚ ਘੁਲਣਸ਼ੀਲ ਪੈਕੇਟਾਂ ਦਾ ਇਸਤੇਮਾਲ ਕਰਦੇ ਹੋ | ਕਵਰਆਲ, ਰਸਾਇਣ-ਪ੍ਰਤੀਰੋਧਕ ਦਸਤਾਨੇ, ਰਸਾਇਣ-ਪ੍ਰਤੀਰੋਧਕ ਐਪਰਨ, ਅਤੇ ਅੱਖਾਂ ਦੀਆਂ ਸੁਰੱਖਿਆ ਵਾਲੀਆਂ ਚੀਜ਼ਾਂ ਵਰਤ ਸਕਦੇ ਹੋ |
| ਲੇਬਲ ਜਾਂ ਕੈਲੀਫ਼ੋਰਨੀਆ ਦੇ ਨਿਯਮਾਂ ਦੇ ਅਨੁਸਾਰ ਲੋੜੀਂਦਾ PPE | ਬੰਦ ਮਿਸ਼ਰਣ ਪ੍ਰਣਾਲੀ ਜਾਂ "ਸਾਵਧਾਨੀ" ਸੰਕੇਤ ਸ਼ਬਦ ਵਾਲੇ ਕੀਟਨਾਸ਼ਕਾਂ ਲਈ ਪਾਣੀ ਵਿੱਚ ਘੁਲਣਸ਼ੀਲ ਪੈਕੇਟ | ਕੰਮ ਵਾਲੇ ਕੱਪੜੇ (ਕਮੀਜ਼, ਪੈਂਟਾਂ, ਜੁੱਤੀਆਂ) ਅਤੇ ਅੱਖਾਂ ਦੀ ਸੁਰੱਖਿਆ |
| ਲੇਬਲ ਜਾਂ ਕੈਲੀਫ਼ੋਰਨੀਆ ਦੇ ਨਿਯਮਾਂ ਦੇ ਅਨੁਸਾਰ ਲੋੜੀਂਦਾ PPE, ਕਿਸੇ ਰੈਸਪੀਰੇਟਰ (ਸ਼ਵਾਸ-ਯੰਤਰ) ਦੀ ਲੋੜ ਨਹੀਂ | ਬੰਦ ਗੱਡੀ | ਕੰਮ ਵਾਲੇ ਕੱਪੜੇ |
| ਲੇਬਲ ਦੇ ਅਨੁਸਾਰ, ਜਾਂ ਕੈਲੀਫ਼ੋਰਨੀਆ ਦੇ ਨਿਯਮਾਂ ਦੇ ਅਨੁਸਾਰ ਲੋੜੀਂਦਾ ਫਿਲਟਰਿੰਗ ਫੇਸ ਪੀਸ ਜਾਂ ਮਿੱਟੀ/ਜਾਲੇ ਨੂੰ ਫਿਲਟਰ ਕਰਨ ਵਾਲਾ ਰੈਸਪੀਰੇਟਰ (ਸ਼ਵਾਸ-ਯੰਤਰ) ਸਮੇਤ PPE | ਸਹੀ ਢੰਗ ਨਾਲ ਪ੍ਰਬੰਧਿਤ ਅਤੇ ਕੰਮ ਕਰਨ ਯੋਗ ਹਵਾਦਾਰ ਪ੍ਰਣਾਲੀ **ਵਾਲੀ** ਬੰਦ ਗੱਡੀ | ਕੰਮ ਵਾਲੇ ਕੱਪੜੇ |
| ਲੇਬਲ ਦੇ ਅਨੁਸਾਰ, [2] ਜਾਂ ਕੈਲੀਫ਼ੋਰਨੀਆ ਦੇ ਨਿਯਮਾਂ ਦੇ ਅਨੁਸਾਰ ਲੋੜੀਂਦੇ ਵੱਖਰੇ ਤਰ੍ਹਾਂ ਦੇ ਰੈਸਪੀਰੇਟਰ (ਸ਼ਵਾਸ-ਯੰਤਰ) ਸਮੇਤ PPE | ਬੰਦ ਗੱਡੀ | ਲੇਬਲ ਦੇ ਅਨੁਸਾਰ ਲੋੜੀਂਦੇ ਕੰਮ ਵਾਲੇ ਕੱਪੜੇ ਅਤੇ ਰੈਸਪੀਰੇਟਰ (ਸ਼ਵਾਸ-ਯੰਤਰ) |

**1** ਲੇਬਲ ਜਾਂ ਕੈਲੀਫ਼ੋਰਨੀਆ ਦੇ ਨਿਯਮਾਂ ਦੇ ਅਨੁਸਾਰ ਲੋੜੀਂਦੇ ਸਾਰੇ PPE ਐਮਰਜੈਂਸੀ ਦੀ ਸਥਿਤੀ ਲਈ ਕੰਮ ਵਾਲੀ ਸਾਈਟ 'ਤੇ ਹੋਣੇ ਜ਼ਰੂਰੀ ਹਨ।

**2** ਉਦਾਹਰਨ ਲਈ, ਜੈਵਿਕ ਵਾਸ਼ਪ ਕਾਰਟਰਿਜ ਵਾਲਾ ਅੱਧੇ-ਚਿਹਰੇ ਦਾ ਜਾਂ ਪੂਰੇ-ਚਿਹਰੇ ਦਾ ਰੈਸਪੀਰੇਟਰ (ਸ਼ਵਾਸ-ਯੰਤਰ)।

ਜੇ ਤੁਹਾਨੂੰ ਆਪਣੀ ਟ੍ਰੇਨਿੰਗ ਵਿੱਚ ਲੋੜੀਂਦੀ ਸਾਰੀ ਜਾਣਕਾਰੀ ਨਹੀਂ ਮਿਲਦੀ ਜਾਂ ਤੁਸੀਂ ਕੀਟਨਾਸ਼ਕ ਦਵਾਈਆਂ ਦੀ ਵਰਤੋਂ ਬਾਰੇ ਸ਼ਿਕਾਇਤ ਕਰਨਾ ਚਾਹੁੰਦੇ ਹੋ, ਤਾਂ ਤੁਹਾਨੂੰ ਹੋਰ ਜਾਣਕਾਰੀ ਲਈ ਆਪਣੇ ਕਾਊਂਟੀ ਦੇ ਐਗਰੀਕਲਚਰ ਕਮਿਸ਼ਨਰ ਜਾਂ ਡੀਪੀਆਰ ਨੂੰ ਫ਼ੋਨ ਕਰਨਾ ਚਾਹੀਦਾ ਹੈ। ਤੁਹਾਨੂੰ ਆਪਣੀ ਸਥਾਨਕ ਸਫੈਦ ਪੰਨਿਆਂ ਦੀ ਫੋਨ ਡਾਇਰੈਕਟਰੀ ਵਿੱਚ ਕਮਿਸ਼ਨਰ ਦਾ ਨੰਬਰ ਮਿਲ ਸਕਦਾ ਹੈ, ਜਾਂ *1-87PestLine* 'ਤੇ ਫ਼ੋਨ ਕਰੋ, ਜਾਂ ਇੱਥੇ ਜਾਓ: *http://www.cdfa.ca.gov/exec/county/countymap*

**ਡੀਪੀਆਰ ਦੇ ਖੇਤਰੀ ਦਫਤਰ ਹਨ:**

- **ਉੱਤਰੀ (ਵੈਸਟ ਸੈਕਰਾਮੈਂਟੋ) 916/376-8960**
- **ਸੈਂਟਰਲ (ਕਲੋਇਸ) 559/297-3511**
- **ਦੱਖਣੀ (ਐਨਾਹਾਇਮ) 714/279-7690**

**ਕੀਟਨਾਸ਼ਕ ਬਾਰੇ ਸ਼ਿਕਾਇਤ ?**

**1-87PestLine**

**ਜਾਣਕਾਰੀ ਲਾਈਨ**

**1-877-378-5463**

ਸੁਰੱਖਿਆ ਸਬੰਧੀ ਲੀਫ਼ਲੈਟ (ਪਰਚੇ) ਇੱਥੇ ਉਪਲੱਬਧ ਹਨ: *https://www.cdpr.ca.gov/docs/whs/psispunjabi.htm*